Weekly

# CANADA SIKH TIMES

23 November - 5 December 2024

ਕੈਨੇਡਾ ਸਿੱਖ ਟਾਈਮਜ਼

Volume 2 Issue 47-48

• RELIGION • CULTURE • HERITAGE • BUSINESS

## The Leela Ambience Convention Hotel Delhi appoints Harkaran Singh as GM



The Leela Ambience Convention Hotel, Delhi, announced the appointment of Harkaran Singh as its new general manager. With a career spanning multiple leadership roles in the hospitality industry, Singh brings a wealth of expertise and strategic vision to his new position. Prior to joining The Leela Ambience Convention Hotel Delhi, Singh served as the general manager at Aurika, Mumbai Skycity, India's Largest inventory hotel where his leadership played a pivotal role in launching the hotel in 2023, setting it up successfully for operations and strengthening the brand's presence in the competitive market of Andheri (East) Mumbai. On his appointment, Singh expressed his enthusiasm, stating, "I am deeply honoured to join The Leela Ambience Convention Hotel, Delhi a property renowned for its exceptional hospitality, experiential events and offerings.

## ਕੈਨੇਡਾ ’ਚ 7 ਲੱਖ ਵਰਕ ਪਰਮਿਟ ਹੋ ਰਹੇ ਖਤਮ ਲੱਖਾਂ ਲੋਕਾਂ ਨੂੰ ਡਿਪੋਰਟ ਦਾ ਖਤਰਾ



ਕੈਨੇਡਾ ਸਰਕਾਰ ਬੈਕ-ਟੂ-ਬੈਕ ਆਪਣੀ ਨੀਤੀਆਂ ਦੇ ਵਿੱਚ ਬਦਲਾਅ ਕਰ ਰਹੀ ਹੈ। ਜਿਸ ਕਰਕੇ ਇੰਟਰਨੈਸ਼ਨਲ ਵਿਦਿਆਰਥੀਆਂ ਦਾ ਉੱਥੇ ਰਹਿ ਕੇ ਕੰਮ ਕਰਨ ਦੇ ਵਿੱਚ ਮੁਸ਼ਕਿਲਾਂ ਲਗਾਤਾਰ ਵੱਧ ਰਹੀਆਂ ਹਨ। ਭਾਰਤੀ ਵਿਦਿਆਰਥੀਆਂ ਸਮੇਤ ਸੱਤ ਲੱਖ ਵਿਦੇਸ਼ੀ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਹੈ ਜੋ ਕੈਨੇਡਾ ਵਿੱਚ ਲੱਖਾਂ ਰੁਪਏ ਖਰਚ ਕੇ ਪੀਆਰ ਅਤੇ ਨਾਗਰਿਕ ਬਣਨ ਦੇ ਆਪਣੇ ਸੁਫ਼ਨੇ ਨੂੰ ਸਾਕਾਰ ਕਰ ਰਹੇ ਹਨ। ਕੈਨੇਡਾ ਵਿੱਚ 2025 ਦੇ ਅੰਤ ਤੱਕ ਤਕਰੀਬਨ 50 ਲੱਖ ਅਸਥਾਈ ਪਰਮਿਟਾਂ ਦੀ ਮਿਆਦ ਪੁੱਗਣ ਵਾਲੀ ਹੈ, ਜਿਨ੍ਹਾਂ ਵਿੱਚੋਂ ਸੱਤ ਲੱਖ ਭਾਰਤੀ ਅਤੇ ਜ਼ਿਆਦਾਤਰ ਪੰਜਾਬੀ ਹਨ। ਜੇਕਰ ਕੈਨੇਡਾ ਵਿੱਚ ਉਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਨਹੀਂ ਵਧਾਈ ਜਾਂਦੀ, ਤਾਂ ਉਨ੍ਹਾਂ ਨੂੰ ਦੇਸ਼ ਛੱਡਣਾ ਪਵੇਗਾ। ਇਨ੍ਹਾਂ ਵਿੱਚੋਂ 7 ਲੱਖ ਪਰਮਿਟ ਵਿਦੇਸ਼ੀ ਵਿਦਿਆਰਥੀਆਂ ਦੇ ਹਨ। ਅਸਥਾਈ ਵਰਕ ਪਰਮਿਟ ਆਮ ਤੌਰ ’ਤੇ 9 ਮਹੀਨਿਆਂ ਤੋਂ 3 ਸਾਲਾਂ ਦੀ ਮਿਆਦ ਲਈ ਜਾਰੀ ਕੀਤੇ ਜਾਂਦੇ ਹਨ। ਇਹ ਵਰਕ ਪਰਮਿਟ ਡਿਪਲੋਮਾ ਜਾਂ ਡਿਗਰੀ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਸਥਾਈ ਨਿਵਾਸ ਲਈ ਅਰਜ਼ੀ ਦੇਣ ਲਈ ਲੋੜੀਂਦਾ ਤਜ਼ਰਬਾ ਹਾਸਲ ਕਰਨ ਲਈ ਜਾਰੀ ਕੀਤੇ ਜਾਂਦੇ ਹਨ।

## 5 govt. benefit payments Canadians can get from the CRA in December

Believe it or not, December is almost here, and with it comes a new batch of government benefits and credits for Canadians. These payments from the Canada Revenue Agency (CRA) could bring a little extra cheer to your holiday season, covering everything from child benefit payments to pension income. December's government payments include the Canada Child Benefit, the Canada Pension Plan, Old Age Security and other important programs. Each one is tailored to provide financial support to help with the cost of living, with varying amounts and schedules to ensure eligible Canadians get the funds they need straight into their accounts.

## ਤੀਜ਼ੀ ਵਾਰ ਹਾਸਿਲ ਕੀਤਾ ਬੈਸਟ ਟੀਚਰ ਅਵਾਰਡ



ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸਕੂਲ ਦੇ ਪੰਜਾਬੀ ਵਿਸ਼ੇ ਦੇ ਅਧਿਆਪਕ ਸੰਦੀਪ ਸਿੰਘ ਨੇ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਰਵਾਏ ਨੈਸ਼ਨਲ ਅਵਾਰਡ 2024 ਬੈਸਟ ਟੀਚਰ ਅਵਾਰਡ ਲਈ ਅਪਲਾਈ ਕੀਤਾ ਸੀ। ਇਸ ਅਵਾਰਡ ਲਈ ਲਗਭਗ 1200 ਅਧਿਆਪਕਾਂ ਨੇ ਅਵਾਰਡ ਲਈ ਰਜਿਸਟਰੇਸ਼ਨ ਕਰਵਾਈ ਸੀ। ਜਿਸ ਵਿੱਚੋਂ ਕੇਵਲ 208 ਅਧਿਆਪਕਾਂ ਨੂੰ ਬੈਸਟ ਟੀਚਰ ਅਵਾਰਡ ਲਈ ਚੁਣਿਆ ਗਿਆ। ਇਨਾਂ ਅਵਾਰਡੀ ਅਧਿਆਪਕਾਂ ਵਿੱਚ ਸੰਦੀਪ ਸਿੰਘ ਵੱਲੋਂ ਪੰਜਾਬੀ ਵਿਸ਼ੇ ਦੇ ਜੇਤੂ ਅਧਿਆਪਕਾਂ ਦੀ ਪਹਿਲੀ ਲਿਸਟ ਵਿੱਚ ਆਪਣਾ ਨਾਮ ਦਰਜ਼ ਕਰਵਾਕੇ ਸਕੂਲ ਅਤੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ।

# DESH VIDESH

## ਧੰਨ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ "ਵਿਦਿਆ ਵੀਚਾਰੀ ਤਾਂ ਪਰਉਪਕਾਰੀ" ਦਾ ਸੰਕਲਪ

- ਮਨਜੀਤ ਕੌਰ (ਰਾਮਪੁਰ)



ਵਿਦਿਆ ਯਾਂ ਗਿਆਨ ਵਿਚ ਜੋ ਸ਼ਕਤੀ ਅਤੇ ਪ੍ਰਭਾਵ ਹੈ। ਉਸ ਦਾ ਪ੍ਰਯੋਗ ਮਨੁੱਖਤਾ ਦੇ ਕਲਿਆਣ ਵਾਸਤੇ ਹੋਣਾ ਚਾਹੀਦਾ ਹੈ, ਕਿਸੇ ਵੀ ਤਰ੍ਹਾਂ ਦੀ ਵਿਦਿਆ ਦਾ ਵਿਚਾਰ ਤਦ ਹੀ ਸਾਰਥਕ ਹੈ ਜੇ ਉਦੇਸ਼ ਕਲਿਆਣਕਾਰੀ ਹੋਵੇ। ਗੁਰੂ ਨਾਨਕ ਸਾਹਿਬ ਜੀ ਆਸਾ ਰਾਗ ਵਿਚ ਫੁਰਸਾਉਂਦੇ ਹਨ: **ਵਿਦਿਆ ਵੀਚਾਰੀ ਤਾਂ ਪਰਉਪਕਾਰੀ॥** (ਅੰਗ ੩੫੬)

ਇਸ ਪਾਵਨ ਪੰਗਤੀ ਰਾਹੀਂ ਗੁਰੂ ਸਾਹਿਬ ਜੀ ਦਸਦੇ ਹਨ ਕਿ ਵਿਦਿਆ ਪ੍ਰਾਪਤ ਕਰਕੇ ਜੇਕਰ ਕੋਈ ਮਨੁੱਖ ਪਰਉਪਕਾਰੀ (ਦੂਜਿਆਂ ਦਾ ਭਲਾ ਕਰਨ ਵਾਲਾ) ਬਣ ਗਿਆ ਹੈ ਤਾਂ ਸਮਝੋ ਕਿ ਉਸ ਮਨੁਖ ਨੇ ਵਿਦਿਆ ਨੂੰ ਪੜਨ ਦੇ ਨਾਲ-ਨਾਲ ਵਿਚਾਰਆ ਹੈ, ਵਿਦਿਆ ਦੇ ਕਾਰਨ ਹੀ ਮਨੁੱਖ ਸਾਰੀਆਂ ਜੂਨਾਂ ਦਾ ਸਰਦਾਰ ਹੈ, ਇਨ੍ਹਾਂ ਬੇਅੰਤ ਜੂਨਾਂ ਵਿੱਚੋਂ ਪ੍ਰਮਾਤਮਾ ਨੇ ਕੇਵਲ ਤੇ ਕੇਵਲ ਮਨੁੱਖ ਨੂੰ ਪੂਰਨ ਵਿਕਸਿਤ ਰੂਪ ਵਿਚ ਸੋਚਣੇ ਦੀ ਸ਼ਕਤੀ ਬਖ਼ਸ਼ੀਸ ਕੀਤੀ ਹੈ । ਜਿਵੇਂ ਕੀ ਧੰਨ ਧੰਨ ਸ਼੍ਰੀ ਗੁਰੂ ਅਰਜਨ ਸਾਹਿਬ ਜੀ ਆਖਦੇ ਹਨ- **ਅਵਰ ਜੋਨਿ ਤੇਰੀ ਪਨਿਹਾਰੀ ਇਸ ਧਰਤੀ ਮਹਿ ਤੇਰੀ ਸਿਕਦਾਰੀ॥** ਮੱਨੁਖ ਵਿਦਿਆ ਹਾਸਿਲ ਕਰਕੇ ਜਿਥੇ ਆਪਣਾ ਜੀਵਨ ਸਫਲ ਕਰਨ ਦੇ ਯੋਗ ਹੋ ਸਕਦਾ ਹੈ, ਉਥੇ ਉਹ ਆਦਰਸ਼ ਸਮਾਜ ਦੀ ਉਸਾਰੀ ਵੀ ਕਰ ਸਕਦਾ ਹੈ। ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ ਕਿ ਵਿਦਿਆ ਕੇਵਲ ਜਾਣਕਾਰੀ ਅਤੇ ਗਿਆਨ ਦਾ ਨਾਮ ਹੀ ਨਹੀ ਹੈ, ਨ ਹੀ ਕੇਵਲ ਕਿਤਾਬੀ ਗਿਆਨ ਹਾਸਿਲ ਕਰਨਾ ਜੀਵਨ ਦਾ ਮਨੋਰਥ ਹੈ, ਜੇ ਉਦੇਸ਼ ਲੋਭ, ਸਵਾਰਥ ਪ੍ਰਭਤਾ ਜਾਂ ਹੰਕਾਰ ਹੋਵੇ ਤਾਂ ਵਿਦਿਆ ਕਲਿਆਣਕਾਰੀ ਨਹੀ ਹੋ ਸਕਦੀ। ਜੇ ਵਿਦਿਆ ਹਾਸਲ ਕਰਕੇ ਵੀ ਮਨੁੱਖ ਵਿੱਚੋ ਹਉ ਮੈ ਤੇ ਲਾਲਚ ਦੀ ਪ੍ਰਵਿਰਤੀ ਖਤਮ ਨਹੀ ਹੁੰਦੀ ਤਾਂ ਗੁਰੂ ਸਾਹਿਬ ਜੀ ਉਸ ਨੂੰ ਮੂਰਖ ਦਾ ਦਰਜਾ ਦਿੰਦੇ ਹਨ। ਮਾਝ ਕੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਜੀ ਫੁਰਸਾਉਂਦੇ ਹਨ - **ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥** (ਅੰਗ: ੧੪੦)

ਅਧਿਆਤਮਕ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਹਾਸਿਲ ਕੀਤਾ ਹੋਇਆ ਦੁਨਿਆਵੀ ਗਿਆਨ ਬਿਲਕੁਲ ਅਧੂਰਾ ਹੈ। ਇਕ ਵਿਅਕਤੀ ਕਈ ਸਾਲਾਂ ਦੀ ਕਠਿਨ ਮਿਹਨਤ ਤੋਂ ਬਾਅਦ ਡਾਕਟਰੀ ਦੀ ਉੱਚ ਵਿਦਿਆ ਪ੍ਰਾਪਤ ਕਰਦਾ ਹੈ ਪਰ ਅਧਿਆਤਮਕ ਗਿਆਨ ਤੋਂ ਸਖਣਾ ਹੋਣ ਕਾਰਣ ਕਈ ਵਾਰ ਉਹ ਵਿਦਿਆ ਦੀ ਦੁਰਵਰਤੋਂ ਕਰ ਦਿੰਦਾ ਹੈ, ਤੇ ਇਸ ਨੂੰ ਕੇਵਲ ਪੈਸਾ ਕਮਾਉਣ ਦਾ ਸਾਧਨ ਹੀ ਸਮਝ ਲੈਂਦਾ ਹੈ। ਇਸੇ ਤਰ੍ਹਾਂ "ਆਤਮਿਕ ਗਿਆਨ ਤੋਂ ਸੱਖਣਾ ਵਕੀਲ ਕਿਸੇ ਨਿਰਦੋਸ਼ ਵਿਅਕਤੀ ਨੂੰ ਜੇਲ ਦੀਆਂ ਸਲਾਖਾਂ ਪਿੱਛੇ ਭੇਜ ਕੇ ਆਪਣੀ ਵਿਦਿਆ ਤੇ ਫੋਕਾ ਫਖਰ ਮਹਿਸੂਸ ਕਰਦਾ ਹੈ। ਆਸਾ ਕੀ ਵਾਰ ਦੀ ਬਾਣੀ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਬਚਨ ਹਨ- **ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥ ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ॥**

ਇਸ ਤਰ੍ਹਾਂ ਵਿਦਿਆ ਦੀ ਯੋਗ ਵਰਤੋਂ ਕਰਕੇ ਮਨੁਖ ਸੱਚ ਦੇ ਮਾਰਗ ਤੇ ਚਲ ਕੇ ਸਰੱਬਤ ਦਾ ਭਲਾ ਕਰ ਸਕਦਾ ਹੈ, ਇਸੇ ਵਿਦਿਆ ਦੀ ਸਮੁੱਚੀ ਵਰਤੋਂ ਨਾਲ ਕੋਈ ਵੀ ਕੰਮ ਕਰਨ ਤੋਂ ਪਹਿਲਾ ਉਸ ਨਾਲ ਨਿਕਲਣ ਵਾਲੇ ਸਿੱਟੇ ਨੂੰ ਵਿਚਾਰ ਸਕਦਾ ਹੈ, ਅਜਿਹੇ ਮਹਾਪੁਰਸ਼ਾਂ ਦਾ ਪ੍ਰਭਾਵ ਚਿਰਜੀਵੀ ਹੁੰਦਾ ਹੈ, ਉਹ ਨ ਕੇਵਲ ਆਪਣੇ ਯੁੱਗ ਨੂੰ ਹੀ ਜ਼ਿੰਦਗੀ ਪ੍ਰਦਾਨ ਕਰਦੇ ਹਨ ਸਗੋਂ ਆਉਣ ਵਾਲੀਂ ਜਾਤੀ ਅਤੇ ਰਾਸ਼ਟਰ ਨੂੰ ਵੀ ਯੁੱਗਾਂ ਤਕ ਪ੍ਰਭਾਵਿਤ ਕਰੀ ਰਖਦੇ ਹਨ। ਇਸ ਤਰ੍ਹਾਂ ਮਨੁੱਖ ਦੁਆਰਾ ਪ੍ਰਾਪਤ ਕੀਤੀ ਵਿਦਿਆ ਸਮਾਜ ਲਈ ਪਰਉਪਕਾਰੀ ਬਣ ਜਾਂਦੀ ਹੈ, ਤੇ ਉਹ ਮਾਨ ਪ੍ਰਾਪਤ ਕਰਦਾ ਹੈ। **ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨ॥** (ਅੰਗ ੧੩੨੯)

## ਸ਼੍ਰੀ ਗੁਰੂ ਸਿੰਘ ਸਭਾ, ਜੀ ਬਲਾਕ ਸ਼ਿਵ ਨਗਰ ਵਿੱਚ "ਆਓ ਬਣੀਏ ਗੁਰਸਿਖ ਪਿਆਰਾ" ਕਵਿਜ਼ ਦਾ ਆਯੋਜਨ

ਅੱਜ ਸ਼੍ਰੀ ਗੁਰੂ ਸਿੰਘ ਸਭਾ, ਜੀ ਬਲਾਕ ਸ਼ਿਵ ਨਗਰ ਦੇ ਗੁਰਦੁਆਰੇ ਵਿੱਚ "ਆਓ ਬਣੀਏ ਗੁਰਸਿਖ ਪਿਆਰਾ" ਕਵਿਜ਼ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ 50 ਤੋਂ ਵੱਧ ਵਿਦਿਆਰਥੀਆਂ ਨੇ ਜ਼ੋਰਦਾਰ ਹਿੱਸਾ ਲਿਆ। ਗੁਰਸਿੱਖੀ ਦੇ ਗਿਆਨ, ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਆਧਾਰ 'ਤੇ ਆਧਾਰਿਤ ਪ੍ਰਸ਼ਨਾਂ ਦੇ ਨਾਲ, ਇਹ ਕਵਿਜ਼ ਬਹੁਤ ਹੀ ਰੁਚਿਕਰ ਅਤੇ ਸਿੱਖਿਆਤਮਕ ਰਿਹਾ।

ਇਸ ਮੁਕਾਬਲੇ ਵਿੱਚ ਪਾਰਟਿਸਪੈਂਟਾਂ ਨੂੰ ਵਿਭਿੰਨ ਟੀਮਾਂ ਵਿੱਚ ਵੰਡਿਆ ਗਿਆ ਅਤੇ ਇਹ ਕਾਫੀ ਮੁਸ਼ਕਿਲ ਮੁਕਾਬਲਾ ਰਹਿਆ। ਕੜੀ ਮਿਹਨਤ ਅਤੇ ਬੇਹਤਰੀਨ ਪ੍ਰਦਰਸ਼ਨ ਨਾਲ, ਤਿੰਨ ਟੀਮਾਂ ਨੇ ਪ੍ਰਤਿਯੋਗਿਤਾ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਕਵਿਜ਼ ਦੇ ਸੰਚਾਲਨ ਲਈ "ਆਓ ਬਣੀਏ ਗੁਰਸਿਖ ਪਿਆਰਾ" ਦੀ ਟੀਮ ਦੇ ਸ. ਹਰਪ੍ਰੀਤ ਸਿੰਘ, ਤਰਨਪ੍ਰੀਤ ਸਿੰਘ, ਬਲਤੇਜ ਸਿੰਘ ਅਤੇ ਸਰਦਾਰਨੀ ਸਰੋਜ ਕੌਰ ਜੀ ਮੌਜੂਦ ਸਨ। ਉਨ੍ਹਾਂ ਨੇ ਪ੍ਰਸ਼ਨਾਵਲੀ ਤਿਆਰ ਕਰਨ ਤੋਂ ਲੈ ਕੇ ਮੁਕਾਬਲੇ ਨੂੰ ਸੁਚਾਰੂ ਢੰਗ ਨਾਲ ਪੂਰਾ ਕਰਵਾਇਆ। ਇਸ ਖਾਸ ਸਮਾਗਮ ਸ. ਰਮਨਦੀਪ ਸਿੰਘ ਥਾਪਰ ਜੀ ਨੇ ਜਿੱਤਣ ਵਾਲਿਆਂ ਨੂੰ ਇਨਾਮ ਅਤੇ ਸਭ ਬੱਚਿਆ



ਨੂੰ participation award ਅਰਪਿਤ ਕੀਤੇ। ਉਨ੍ਹਾਂ ਨੇ ਆਪਣੇ ਭਾਸ਼ਣ ਦੌਰਾਨ ਕਿਹਾ, "ਇਸ ਤਰ੍ਹਾਂ ਦੇ ਮੁਕਾਬਲੇ ਬੱਚਿਆਂ ਵਿੱਚ ਗੁਰਸਿੱਖੀ ਪ੍ਰਤੀ ਪਿਆਰ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਵਧਾਉਣ ਵਿੱਚ ਬਹੁਤ ਹੀ ਲਾਭਕਾਰੀ ਹੁੰਦੇ ਹਨ। ਇਹ ਸਾਡੇ ਭਵਿੱਖ ਦੇ ਲਈ ਇੱਕ ਸੁਧਾਰਤ ਪ੍ਰਯਾਸ ਹੈ।"

ਸਮਾਗਮ ਦੇ ਅਖੀਰ 'ਤੇ ਗੁਰਦੁਆਰੇ ਦੇ ਪ੍ਰਧਾਨ ਨੇ ਸਾਰੀ ਟੀਮ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਅਤੇ ਆਗਾਮੀ ਸਮੇਂ ਵਿੱਚ ਇਸ ਤਰ੍ਹਾਂ ਦੇ ਹੋਰ ਪ੍ਰੋਗਰਾਮਾਂ ਦੀ ਯੋਜਨਾ ਬਾਰੇ ਚਰਚਾ ਕੀਤੀ।

ਇਹ ਸਮਾਗਮ ਸਿਰਫ ਇਕ ਮੁਕਾਬਲਾ ਹੀ ਨਹੀਂ, ਸਗੋਂ ਸਿੱਖੀ ਦੇ ਮੂਲਿਆਂ ਨੂੰ ਸੰਭਾਲਣ ਅਤੇ ਅੱਗੇ ਵਧਾਉਣ ਦਾ ਇਕ ਪ੍ਰਯਤਨ ਸੀ, ਜਿਸ ਨੂੰ ਸੰਗਤ ਵੱਲੋਂ ਬੇਹੱਦ ਪਸੰਦ ਕੀਤਾ ਗਿਆ। ◆◆

# HERITAGE

## ਅੰਮ੍ਰਿਤਧਾਰੀ ਸਿੱਖ ਨੇ ਰਚਿਆ ਇਤਿਹਾਸ



ਅੰਮ੍ਰਿਤਧਾਰੀ ਕ੍ਰਿਕਟਰ ਸਿਮਰਨਜੀਤ ਸਿੰਘ ਕੰਗ ਨੇ ਨਵਾਂ ਇਤਿਹਾਸ ਰਚ ਦਿੱਤਾ ਹੈ। ਉਹ ਯੂ.ਏ.ਈ. ਦੀ ਕ੍ਰਿਕਟ ਟੀਮ ਦਾ ਮੈਂਬਰ ਹੈ ਤੇ ਵਿਸ਼ਵ ਵਿਚ ਪਹਿਲਾ ਅੰਮ੍ਰਿਤਧਾਰੀ ਕ੍ਰਿਕਟਰ ਹੈ ਜੋ ਕੌਮਾਂਤਰੀ ਮੈਚਾਂ ਵਿਚ ਖੇਡ ਰਿਹਾ ਹੈ। ਇਸ ਤੋਂ ਪਹਿਲਾਂ ਸਿੱਖ ਖਿਡਾਰੀ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਦੀਆਂ ਟੀਮਾਂ ਵਿਚ ਖੇਡ ਤਾਂ ਰਹੇ ਹਨ ਪਰ ਅੰਮ੍ਰਿਤਧਾਰੀ ਸਿੰਘ ਸਿਰਫ਼ ਸਿਮਰਨਜੀਤ ਸਿੰਘ ਕੰਗ ਹੀ ਹੈ।

## ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਪੁਸਤਕ ‘ਅਗਾਹਾ ਕੂ ਤ੍ਰਾਘਿ’ ਪਹੁੰਚੀ ਪਾਕਿਸਤਾਨ





ਡਾ. ਹਰਜਿੰਦਰ ਸਿੰਘ ਦੁਆਰਾ ਲਿਖੀ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਪੁਸਤਕ ‘ਅਗਾਹਾ ਕੂ ਤ੍ਰਾਘਿ’ ਨੇ ਪਿਛਲੇ ਦਿਨੀਂ ਪਾਕਿਸਤਾਨ ਤਕ ਦਾ ਸਫ਼ਰ ਤੈਅ ਕਰ ਲਿਆ ਹੈ। ਸਾਡੇ ਹਰਮਨਪਿਆਰੇ ਵੀਰ ਸ. ਗੁਜਿੰਦਰ ਸਿੰਘ ਜੀ (ਯੂ.ਐਸ.ਏ) ਪਿਛਲੇ ਦਿਨੀਂ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਪਾਕਿਸਤਾਨ ਗਏ ਸਨ ਅਤੇ ਨਾਲ ‘ਅਗਾਹਾ ਕੂ ਤ੍ਰਾਘਿ’ ਪੁਸਤਕ ਦੀਆਂ ਕਈ ਕਾਪੀਆਂ ਵੀ ਲੈ ਗਏ ਸਨ। ਉਥੇ ਉਹਨਾਂ ਗੁਰਦੁਆਰਾ ਨਨਕਾਣਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਬਲਵੰਤ ਸਿੰਘ ਜੀ ਅਤੇ ਗੁਰਦੁਆਰਾ ਪੰਜਾ ਸਾਹਿਬ ਦੇ ਹੈਡ ਗ੍ਰੰਥੀ ਕੁਲਬੀਰ ਸਿੰਘ ਬੇਦੀ ਨੂੰ ਪੁਸਤਕ ਅਗਾਹਾ ਕੂ ਤ੍ਰਾਘਿ ਭੇਟ ਕਰਕੇ ਪੰਜਾਬੀ ਮਾਂ ਬੋਲੀ ਦੇ ਨਾਲ ਨਾਲ ਸਮੁੱਚੇ ਸਿੱਖ ਭਾਈਚਾਰੇ ਨੂੰ ਮਾਣ ਮਹਿਸੂਸ ਕਰਵਾਇਆ ਹੈ।

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **Which Bani in Guru Granth Sahib reflects upon the first Interfaith Dialogue in the history of mankind initiated by Guru Nanak Sahib?**

   a. Sidh Gosht  b. Japji
   c. Asa ki Var  d. All of These

2. **ਕਿਸ ਸਥਾਨ ਤੇ ਗੁਰੂ ਤੇਗ ਬਹਾਦਰ ਜੀ ਨੇ ਦੋ ਰਾਜਿਆਂ ਵਿੱਚ ਸੁਲਾਹ ਕਰਾਕੇ ਮਨੁੱਖੀ ਇਤਿਹਾਸ ਵਿਚ ਪਹਿਲੀ ਵਾਰੀ ਜੰਗਬੰਦੀ ਦਾ ਰਾਹ ਮਨੁੱਖਤਾ ਨੂੰ ਸਮਝਾਇਆ?**

   a. ਢਾਕਾ, ਬੰਗਲਾਦੇਸ਼  b. ਜਲੰਧਰ, ਪੰਜਾਬ
   c. ਧੁਬਰੀ, ਆਸਾਮ  d. ਪਟਨਾ, ਬਿਹਾਰ

3. **ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਨਾਲ ਜੋੜੀ ਕਿਹੜੀ ਸਾਖੀ ਗੁਰਬਾਣੀ ਦੇ ਸੱਚ ਨਾਲ ਮੇਲ ਨਹੀਂ ਖਾਂਦੀ?**

   a. ਭੋਰੇ ਵਿਚ ਭਗਤੀ  b. ਸਮੁੰਦਰੀ ਜਹਾਜ਼ ਨੂੰ ਮੋੜਾ
   c. ਤਿਆਗ ਮਲ ਨਾਮ  d. ਇਹ ਸਭ ਸੱਚ ਨਹੀ ਹਨ

(ਦੇਖੋ ਉੱਤਰ ਪੰਨਾ 4 'ਤੇ)






# The Assamese Sikhs - 3

Santokh Singh Bains

Lal Singh (1902 – 1961) was a very successful Assamese Sikh businessman. He had built up a huge business empire with interests ranging from farming to car dealership. He was also associated with several public institutions. After his death, a public road at Tokobari was named after him.

Niranjan Singh (1934 – 2010) was a Sub Inspector in Assam Police. He was the first Assamese Sikh poet of humorous works. Also, he was the first person from the Assamese Sikh community who was awarded the Literary Pension by the Government of Assam.

Iqbal Kaur (1929 – 2014) was the first Assamese Sikh woman who completed M.A. and B.T. degrees. Also, she was the first woman from the vibrant community who took up writing. She translated Japji Sahib and Rahiras Sahib into Assamese language.

Surendra Singh (1886 – 1987), Atma Singh Chhetri (1893 – 1970), Ranjit Singh (1897 – 1967), Rup Singh (1913 – 2002), Debi Singh (1917 – 1987), and Dhyan Singh (1925 – 1996) were some other important Assamese Sikhs of the earlier period.

## Prominent Assamese Sikhs of Present Period

Many Assamese Sikhs of the present period have established themselves in diverse spheres.

Avtar Singh, an eminent dramatist, has so far written more than 250 dramas for various theatre companies of Assam; his dramas usually depict love, pain, and corruption.

Manjit Singh is a famous poet, writer, essayist, and editor. He had collaborated with Jagjit Singh, an Assamese Sikh film-maker, for making Nanakjyoti which is a documentary on the Sikhs in general and the Assamese Sikhs in particular.

An outstanding writer with a sense of humour, Gurmail Singh is the first novelist from the Assamese Sikh community. He is a regular contributor to several newspapers and magazines.

Dr. Nanda Singh Borkala, a senior officer in Assam Police, is presently serving as a Battalion Commandant. He is an eminent poet, writer and orator. Besides sixteen books of poetry, three collections of short stories, and several novels in Assamese, Dr. Borkala has also authored a unique book on the life and teachings of Guru Gobind Singh for the Assamese readers. His recent book titled Hadirachaki is a unique historical and contemporary novel based on the famous battle fought on the battleground of Hadirachaki.

Bijoy Singh, who is a Borkola-based businessman, is known as the first Assamese Sikh writer of short stories. He writes regularly for several magaziones.

As there was a dire need for the Assamese books on the Sikh Gurus and the Sikh faith, Bhupen Singh wrote ten informative books including biographies of the Sikh Gurus and translations of the Sikh scriptures.

Dr. Mahinder Kaur is the first Assamese Sikh writer whose books have been prescribed for M. A. level students. Shamsher Singh, who is a descendant of General Chaitanya Singh, is the first Assamese Sikh who had attained the post of the Deputy Commissioner. He is presently a political leader of Assam Jatiya Parishad (AJP). (Continued)


## SIKH MATRIMONIALS

Gursikh Boy 27/5'9"/PR in Canada /Job in Transport Sector/ Can Dollar 5000 /In Surrey, Contact +12367770221

Gursikh Boy ND/NT29/5'9"/BTech. Thapar Univ. /Masters Univ. Of Windsor, Canada /Working in Canada ,/ 100000 CAD /PR in progress/ Contact +91 8689080882(Mother) +1 519 992 0989(Iknoor Singh)

Gursikh girl 30/5'3"/Bcom, BEd /on work visa in Canada/ two brothers/ one is PR in Canada/ Contact +91 9971576271


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. A 2. C 3. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555